ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

2024139 60
8/1/2024

ਨੰ: ਪਸਸਬ-ਕਸ-2024/1527-28
ਮਿਤੀ: 05-1-2024

8/1/24

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ,
ਪੰਜਾਬ ਰਾਜ।

ਵਿਸ਼ਾ: ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ (ਫਰਵਰੀ / ਮਾਰਚ) 2024 ਦੇ ਪ੍ਰਸ਼ਨ ਪੱਤਰ ਅਤੇ ਉੱਤਰ ਪੱਤਰੀਆਂ ਦੇ ਰੱਖ-ਰਖਾਵ ਲਈ ਬਣਾਈ ਗਈ ਮੋਬਾਇਲ ਐਪ (PSEB-MATQ) ਦੀ ਟ੍ਰੇਨਿੰਗ ਸਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਸ਼੍ਰੇਣੀ (ਫਰਵਰੀ/ ਮਾਰਚ-2024) ਦੇ ਪ੍ਰਸ਼ਨ ਪੱਤਰਾਂ ਅਤੇ ਉੱਤਰ ਪੱਤਰੀਆਂ ਦੇ ਰੱਖ ਰਖਾਵ ਲਈ ਇੱਕ ਮੋਬਾਇਲ ਐਪ (PSEB MATQ) ਤਿਆਰ ਕੀਤੀ ਗਈ ਹੈ। ਜਿਸ ਰਾਹੀਂ ਮੁੱਖ ਦਫਤਰ ਤੋਂ ਪਰੀਖਿਆਵਾਂ ਦੌਰਾਨ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟਡੀ ਵਿੱਚ ਰੱਖਣ, ਪਰੀਖਿਆ ਵਾਲੇ ਦਿਨ ਪ੍ਰਾਪਤ ਕਰਨ ਅਤੇ ਹਰ ਰੋਜ ਪਰੀਖਿਆ ਸਮਾਪਤ ਹੋਣ ਉਪਰੰਤ ਹੱਲ ਹੋਈਆਂ ਉੱਤਰ ਪੱਤਰੀਆਂ ਦੀ ਇਕੱਤਰ ਕੇਂਦਰਾਂ ਤੇ ਜਮ੍ਹਾਂ ਕਰਵਾਉਣ ਤੱਕ ਮੋਨੀਟਰਿੰਗ ਕੀਤੀ ਜਾਵੇਗੀ।

ਦਫਤਰ ਵੱਲੋਂ ਸਮੂਹ ਜਿਲ੍ਹਾ ਸਿੱਖਿਆ ਅਫਸਰ, ਜਿਲ੍ਹਾ ਮੈਨੇਜਰ ਖੇਤਰੀ ਦਫਤਰ (ਪਸਸਬ) ਅਤੇ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ EDUSAT ਰਾਹੀਂ ਮਿਤੀ 09-01-2024 ਨੂੰ ਸਵੇਰੇ 11.40 ਤੋਂ 12.20 ਵਜੇ ਤੱਕ PSEB-MATQ ਐਪ ਸਬੰਧੀ ਜਾਣਕਾਰੀ ਅਤੇ Zoom Meeting ਰਾਹੀਂ ਮਿਤੀ 15-01-2024 ਤੋਂ 24-01-2024 ਤੱਕ ਟ੍ਰੇਨਿੰਗ ਦਿੱਤੀ ਜਾਣੀ ਹੈ। ਇਸ ਦੇ ਨਾਲ App ਸਬੰਧੀ Help Video ਕੇਂਦਰ ਕੰਟਰੋਲਰਾਂ ਦੇ ਸਕੂਲ ਪ੍ਰੋਫਾਈਲ ਵਿੱਚ ਦਰਜ ਮੋਬਾਇਲ ਨੰ. ਤੇ Whatsapp / Text Message ਰਾਹੀਂ ਅਤੇ Center Login ਤੇ ਅਪਲੋਡ ਕੀਤੀ ਜਾਵੇਗੀ। **ਗੈਰ ਸਰਕਾਰੀ ਸਕੂਲਾਂ ਦੇ ਮੁਖੀ ਉਹਨਾਂ ਦੇ ਨਜਦੀਕ ਪੈਂਦੇ ਸਰਕਾਰੀ (ਸੀਨੀਅਰ ਸੈਕੰਡਰੀ) ਸਕੂਲ ਵਿਖੇ ਪਹੁੰਚ ਕੇ EDUSAT ਰਾਹੀਂ ਜਾਣਕਾਰੀ ਲੈਣਗੇ।**

ਆਪ ਵੱਲੋਂ ਵੀ ਇਸ ਮੀਟਿੰਗ ਵਿੱਚ ਨਿਰਧਾਰਿਤ ਸਮੇਂ ਤੇ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਜਿਲ੍ਹੇ ਦੇ ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਾਂ ਨੂੰ ਮਿਤੀ 08-01-2024 ਤੱਕ ਸਕੂਲ ਪ੍ਰੋਫਾਈਲ ਦੇ ਦੋਨੋ ਕਾਲਮ ਵਿੱਚ ਕ੍ਰਮਵਾਰ ਆਪਣਾ ਅਤੇ ਸਕੂਲ ਦੇ ਦੂਸਰੇ ਸੀਨੀਅਰਮੋਸਟ ਲੈਕਚਰਾਰ/ ਅਧਿਆਪਕ ਦਾ ਸਹੀ Mobile Number ਅਪਡੇਟ ਕਰਨਾ ਅਤੇ ਨਾਲ ਨੱਥੀ ਸ਼ਡਿਊਲ ਅਨੁਸਾਰ EDUSAT ਅਤੇ Zoom Meeting ਰਾਹੀਂ PSEB-MATQ ਐਪ ਦੀ ਜਾਣਕਾਰੀ/ ਟ੍ਰੇਨਿੰਗ ਲੈਣੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਜਾਵੇ।

ਨਾਲ ਨੱਥੀ:-

1. Zoom Meeting Slot Schedule ਅਤੇ
   ਜਿਲ੍ਹਾ ਡੀਲਿੰਗ ਸਹਾਇਕਾਂ ਦੇ ਮੋਬਾਇਲ ਨੰ ਦੀ ਸੂਚੀ।
2. ਆਰਜੀ ਪਰੀਖਿਆ ਕੇਂਦਰਾ ਦੀ ਸੂਚੀ (ਮਾਰਚ-2024)।

ਸਹਾਇਕ ਸਕੱਤਰ (ਕ.ਸ)

ਮਿਤੀ: 05-1-2024

ਪਸਸਬ-ਕਸ-2024/1527-1528
ਉਤਾਰਾ ਅਗਲੇਰੀ ਕਾਰਵਾਈ ਲਈ ਹੇਠ ਲਿਖੇ ਅਨੁਸਾਰ :-
DySPD PICTES,
I/O DGSE Phase-8, S.A.S Nagar.

ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ ਅ-7/1(ਪ) 2024/750 ਮਿਤੀ:- 10/01/2024
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਬਠਿੰਡਾ ਦੇ ਸਮੂਹ ਪ੍ਰਿੰਸੀਪਲਜ਼-ਕਮ-ਕੇਂਦਰ ਕੰਟਰੋਲਰਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
10/1/24
ਜ਼ਿ.ਸਿ.ਅ (ਸੈ.ਸਿ)
ਬਠਿੰਡਾ

Scanned with ACE Scanner